# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ, ਪੰਜਾਬ
## ਸਮੱਗਰਾ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

gzlth wzfib,pbke Jh, f;Zfynk GtB (gzikp ;e(b f;Zfynk p'ov) c/I 8, n?;HJ/Hn?; (w[jkbh)

ਵੱਲ

ਸਮੂਹ ਸਕੂਲ ਮਖੀ (ਵੈਬਸਾਈਟ ਰਾਹੀਂ)
ਪੰਜਾਬ।

**ਮੀਮੋ ਨੰ:** ਸਮੱਗਰਾ/ਸਮਾਰਟ ਸਕੂਲ/202129561 ਮਿਤੀ: 28-01-2021

**ਵਿਸ਼ਾ: ਸਮਾਰਟ ਕਲਾਸਰੂਮ ਦੀ ਦਿੱਖ ਸਬੰਧੀ।**

**ਹਵਾਲਾ:** ਇਸ ਦਫਤਰ ਪੱਤਰ ਨੰ: ਸਮਗਰਾ/ਸਮਾਰਟ ਸਕੂਲ/2020314294 ਮਿਤੀ 04-12-2020.

1.0 ਉਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਹਦਾਇਤ ਕੀਤੀ ਗਈ ਸੀ ਕਿ ਜਿਨ੍ਹਾਂ ਕਲਾਸਰੂਮਜ਼ ਵਿੱਚ ਪ੍ਰੋਜੈਕਟਰਜ਼/ਐਲ.ਈ.ਡੀ. ਲਗਾਏ ਗਏ ਹਨ, ਉਹਨਾਂ ਕਲਾਸਰੂਮਜ਼ ਦੀ ਅੰਦਰੂਨੀ ਅਤੇ ਬਾਹਰਲੀ ਦਿੱਖ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਕੂਲ ਮੁਖੀਆਂ ਵੱਲੋਂ ਵਿਸ਼ੇਸ਼ ਧਿਆਨ ਦਿੱਤਾ ਜਾਵੇ ਪਰੰਤੂ ਦਫਤਰ ਦੇ ਧਿਆਨ ਵਿੱਚ ਆਇਆ ਸਮਾਰਟ ਹੈ ਕਿ ਕਈ ਸਕੂਲਾਂ ਵਿੱਚ ਅਜਿਹੇ ਕਲਾਸਰੂਮ ਵੀ ਹਨ ਜਿਥੇ ਪ੍ਰੋਜੈਕਟਰ/ਐਲ.ਈ.ਡੀ **install** ਕੀਤੇ ਗਏ ਹਨ, ਉਹਨਾਂ ਕਲਾਸਰਮੂਜ ਦੀ ਅੰਦਰੂਨੀ ਦਿੱਖ ਬਹੁਤ ਮਾੜੀ ਹੈ, ਦੀਵਾਰਾਂ ਸੀਲਣ ਨਾਲ ਭਰੀਆਂ ਹੋਈਆਂ ਹਨ, ਥਾ-ਥਾ ਤੇ ਪਲਸਤਰ ਉਖੜਿਆਂ ਹੋਇਆ ਹੈ ਅਤੇ ਬਿਜਲੀ ਦੀ **fitting** ਵੀ ਸਹੀ ਢੰਗ ਨਾਲ ਨਹੀਂ ਹੋਈ ਹੈ। ਜਿਸ ਕਾਰਨ ਇਹ ਸਮਾਰਟ ਕਲਾਸਰੂਮ ਵਧੀਆਂ ਪ੍ਰਭਾਵ ਨਹੀਂ ਛੱਡਦੇ।

2.0 ਉਕਤ ਦੇ ਸਨਮੁੱਖ ਆਪ ਨੂੰ ਇਕ ਵਾਰ ਮੁੜ ਤੋਂ ਹਦਾਇਤ ਕੀਤੀ ਜਾਂਦੀ ਹੈ। ਜਿਹਨਾਂ ਕਲਾਸਰੂਮਜ਼ ਵਿੱਚ **Projector/LED** ਲਗੇ ਹੋਏ ਹਨ। ਉਹਨਾਂ ਕਲਾਸਰੂਮਜ਼ ਵਿੱਚ ਹੇਠ ਲਿਖੇ ਨੁਕਤਿਆਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ:-

(i) ਸਮਾਰਟ ਕਲਾਸਰੂਮ ਅੰਦਰੋਂ ਅਤੇ ਬਾਹਰੋਂ ਵਧੀਆ ਤਰੀਕੇ ਨਾਲ ਪੇਂਟ ਕੀਤੇ ਹੋਣ।

(ii) ਕਲਾਸਰੂਮ ਵਿੱਚ ਮੌਜੂਦ ਫਰਨੀਚਰ ਸੁੰਦਰ ਅਤੇ ਆਕਰਸ਼ਕ ਢੰਗ ਨਾਲ ਪੇਂਟ ਕਰਵਾਇਆ ਜਾਵੇ ਅਤੇ ਕਲਾਸਰੂਮ ਦੀ ਫਲੋਰਿੰਗ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇ।

(iii) ਕਲਾਸਰੂਮ ਦੀਆਂ ਖਿੜਕੀਆਂ ਅਤੇ ਦਰਵਾਜੇ ਵਧੀਆ ਢੰਗ ਨਾਲ ਪੇਂਟ ਕੀਤੇ ਹੋਣ।

(iv) ਕਲਾਸਰੂਮ ਵਿੱਚ ਪ੍ਰੋਜੈਕਟਰ ਲਈ White Board ਦੀ installation ਕਰਨ ਸਮੇਂ ਕੰਧ ਤੇ ਬਣੇ ਸੀਮੇਂਟ ਦੇ ਬੋਰਡ ਦੀ ਲੋੜੀਂਦੀ ਰਿਪੇਅਰ ਕਰਵਾਕੇ ਕੰਧ ਨੂੰ ਸਮਤਲ ਕੀਤਾ ਜਾਵੇ ਅਤੇ ਦੀਵਾਰ ਵਰਗਾ ਪੇਂਟ ਕਰਵਾਇਆ ਜਾਵੇ। ਰੰਗ ਨਾ ਕਰਨ ਤੇ ਇਹ ਚੰਗਾ ਪ੍ਰਭਾਵ ਨਹੀਂ ਦਿੰਦਾ।

(v) ਪ੍ਰੋਜੈਕਟਰ ਦੇ White Board ਨੂੰ ਲਗਾਉਣ ਸਮੇਂ ਵਿਦਿਆਰਥੀਆਂ ਦੀ ਉਮਰ ਵਰਗ ਨੂੰ ਧਿਆਨ ਵਿੱਚ ਰੱਖਿਆ ਜਾਵੇ। ਜਿਆਦਾ ਉੱਚਾ ਬੋਰਡ ਲਗਵਾਉਣ ਨਾਲ ਵਿਦਿਆਰਥੀਆਂ ਦੀ ਗਰਦਨ ਥੱਕ ਜਾਵੇਗੀ ਅਤੇ ਉਹ ਅਸਹਿਜ ਮਹਿਸੂਸ ਕਰਨਗੇ।

(vi) ਜੇਕਰ ਕਲਾਸਰੂਮ ਵਿੱਚ ਪਹਿਲਾ ਤੋਂ Green Board/White Board ਲੱਗਿਆ ਹੋਇਆ ਹੈ ਤਾਂ ਇਸ ਨੂੰ ਉਤਾਰ ਕੇ ਕਿਸੇ ਦੂਸਰੇ ਕਲਾਸਰੂਮ ਵਿਚ ਲਗਾ ਦਿੱਤਾ ਜਾਵੇ।

(vii) ਜੇਕਰ ਸਾਰੇ ਕਲਾਸਰੂਮ ਵਿੱਚ ਬੋਰਡ ਲੱਗੇ ਹੋਏ ਹਨ ਤਾਂ Green Board/White Board ਨੂੰ ਸਮਾਰਟ ਕਲਾਸਰੂਮ ਦੀ ਪਿਛਲੀ ਦੀਵਾਰ ਤੇ ਲਗਾ ਦਿੱਤਾ ਜਾਵੇ।

(viii) ਜੇਕਰ ਸਕੂਲ ਵਿੱਚ Green Board/White Board ਵਾਧੂ ਹਨ ਤਾਂ ਕਿਸੇ ਲੋੜਵੰਦ ਪ੍ਰਾਇਮਰੀ/ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾ ਨੂੰ ਦੇ ਦਿੱਤਾ ਜਾਵੇ।

(ix) ਪ੍ਰੋਜੈਕਟਰ ਦੇ ਨਾਲ ਸਬੰਧਿਤ ਸਮਾਨ ਜਿਵੇਂ ਕਿ ਕੀ-ਬੋਰਡ, ਮਾਊਸ, ਮਾਊਸ ਪੈਡ, ਮਾਰਕਰ ਅਤੇ ਡਸਟਰ ਆਦਿ ਨੂੰ ਸਮਾਰਟ ਕਲਾਸਰੂਮ ਵਿੱਚ ਕੀ-ਬੌਕਸ ਲਗਾਵਾ ਕੇ ਰੱਖਿਆ ਜਾਵੇ।

(x) ਪ੍ਰੋਜੈਕਟਰ ਨੂੰ ਮਿੱਟੀ-ਘੱਟੇ ਤੋਂ ਬਚਾਉਣ ਲਈ ਇਸ ਦੀ ਸਾਫ ਸਫਾਈ ਕਰਨੀ ਯਕੀਨੀ ਬਣਾਈ ਜਾਵੇ।

(xi) ਛੁੱਟੀ ਹੋਣ ਤੋਂ ਬਾਅਦ ਜਾਂ ਪ੍ਰੋਜੈਕਟਰ ਦੀ ਵਰਤੋਂ ਨਾ ਕਰਨ ਦੌਰਾਨ ਇਸ ਦੇ ਸਵਿੱਚ ਬੰਦ ਕਰਨੇ ਯਕੀਨੀ ਬਣਾਏ ਜਾਣ।

(xii) ਜਿਸ ਕਲਾਸਰੂਮ ਵਿੱਚ ਪ੍ਰੋਜੈਕਟਰ **install** ਕੀਤਾ ਗਿਆ ਹੈ ਉਸ ਦੀ ਸਾਂਭ ਸੰਭਾਲ ਕਰਨੀ ਹਰ ਪੱਖੋ ਯਕੀਨੀ ਬਣਾਈ ਜਾਵੇ।

(xiii) ਪ੍ਰੋਜੈਕਟਰ ਵਿੱਚ ਕਿਸੇ ਕਿਸਮ ਦੀ ਸਮੱਸਿਆ ਆਉਣ ਤੇ ਕੰਪਨੀ ਦੇ ਨੰਬਰ ਤੇ ਸ਼ਿਕਾਇਤ ਦਰਜ਼ ਕਰਾਵਾਓ ਅਤੇ ਜਿਲ੍ਹੇ ਦੇ ਆਸੀ.ਸੀ.ਟੀ. ਸੈਲ ਨੂੰ ਵੀ ਸੂਚਿਤ ਕੀਤਾ ਜਾਵੇ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਆਈ.ਸੀ.ਟੀ.**

**ਪਿੱਠ ਅੰਕਣ ਨੰ:** ਸਮੱਗਰਾ/ਸਮਾਰਟ ਸਕੂਲ/2021 ਉਤੇ    ਮਿਤੀ: 28-01-2021

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ./ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ./ਡੀ.ਜੀ.ਐਸ.ਈ., ਪੰਜਾਬ।
3. ਪੀ.ਏ./ਡੀ.ਪੀ.ਆਈ. (ਸੈ.ਸਿੱ)। 29/1/21
4. ਪੀ.ਏ./ਡੀ.ਪੀ.ਆਈ. (ਐ.ਸਿੱ)। 28/1/2021
5. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ/ਸੈ.ਸਿੱ), ਪੰਜਾਬ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਆਈ.ਸੀ.ਟੀ.**